# आओ बाबा जी

( ਜੇ ਤੂੰ ਨਾ ਕਰੇਂ ਤੇ ਕਰੇ ਕੇਹੜਾ,
ਮੇਰੀਆਂ ਸਭੇ ਜ਼ਰੂਰਤਾਂ ਪੂਰੀਆਂ ਨੂੰ ।
ਲੋਕੀ ਵੇਖਦੇ ਐਬ ਗ਼ੁਨਾਹ ਮੇਰੇ,
ਤੇ ਮੈਂ ਵੇਖਾਂ ਰਹਿਮਤਾਂ ਤੇਰੀਆਂ ਨੂੰ,
ਬਾਬਾ,,, ਵੇਖਾਂ ਰਹਿਮਤਾਂ ਤੇਰੀਆਂ ਨੂੰ )

ਆਓ ਬਾਬਾ/ਨਾਥ ਜੀ, ਤੁਹਾਡਾ ਆਸਣ ਸਜਾਇਆ ਏ ॥
*ਓ ਜੋਤ ਜਗਾ ਕੇ ਤੁਹਾਨੂੰ, ਘਰ 'ਚ ਬੁਲਾਇਆ ਏ,
'ਰੋਟ ਬਣਾ ਕੇ ਤੁਹਾਨੂੰ, ਘਰ 'ਚ ਬੁਲਾਇਆ ਏ,,,
ਆਓ ਬਾਬਾ/ਨਾਥ ਜੀ, ਤੁਹਾਡਾ ਆਸਣ,,,,,,,,,,,,,,,,

ਚੰਦਨ ਦੀ ਚੌਕੀ ਉੱਤੇ, ਆਸਣ ਵਿਛਾ ਕੇ ਮੈਂ ।
ਤੇਰੀ ਸੋਹਣੀ ਮੂਰਤੀ ਨੂੰ, ਫੁੱਲਾਂ ਨਾਲ ਸਜਾ ਕੇ ਮੈਂ ॥
*ਓ 'ਜੋਤ ਨੂਰਾਨੀ ਵਿੱਚ ਮੈਂ, ਧਿਆਨ ਲਗਾਇਆ ਏ ॥,,
ਆਓ ਬਾਬਾ/ਨਾਥ ਜੀ, ਤੁਹਾਡਾ ਆਸਣ,,,,,,,,,,,,,,,,

ਗੋਟੇ ਤੇ ਕਿਨਾਰੀ ਵਾਲਾ, ਝੰਡਾ ਇੱਕ ਬਣਾਇਆ ਮੈਂ ।
ਰੋਟ ਮਣੀ ਪ੍ਰਸ਼ਾਦ ਲੈ ਕੇ, ਦਰ ਤੇਰੇ ਆਇਆ ਮੈਂ ॥
*ਓ 'ਮੇਵੇ ਤੇ ਫ਼ਲਾਂ ਦਾ ਮੈਂ, ਭੋਗ ਲਗਾਇਆ ਏ ॥,,
ਆਓ ਬਾਬਾ/ਨਾਥ ਜੀ, ਤੁਹਾਡਾ ਆਸਣ,,,,,,,,,,,,,,,,

ਸੀਸ ਤੇ ਜਟਾਵਾਂ ਸਿੰਗੀ, ਗੱਲ ਵਿੱਚ ਪਾਈ ਏ ।
ਸੋਹਣੀ ਜਿਹੀ ਕਾਇਆ ਉੱਤੇ, ਭਸਮ ਰਮਾਈ ਏ ॥
*ਓ 'ਝਾਂਜਰਾਂ ਪੈਰਾਂ 'ਚ ਪਾ ਕੇ, ਮੋਰ ਵੀ ਸਜਾਇਆ ਏ ॥,,
ਆਓ ਬਾਬਾ/ਨਾਥ ਜੀ, ਤੁਹਾਡਾ ਆਸਣ,,,,,,,,,,,,,,,,

ਨਾਮ ਤੇਰੇ ਦੀ ਬਾਬਾ, ਜੋਤ ਜਗਾ ਕੇ ਮੈਂ ।
ਸ਼ਰਧਾ ਦੇ ਨਾਲ ਤੇਰੀ, ਆਰਤੀ ਵੀ ਗਾਵਾਂ ਮੈਂ ॥
*ਓ 'ਮੋਰ ਚੜ੍ਹ ਆਜਾ ਐਨੀ, ਦੇਰ ਕਿਓਂ ਲਗਾਈ ਏ ॥,,
ਆਓ ਬਾਬਾ/ਨਾਥ ਜੀ, ਤੁਹਾਡਾ ਆਸਣ,,,,,,,,,,,,,,,,

ਮਾਤਾ ਰਤਨੋ ਦਾ ਜਿਵੇਂ, ਕਰਜ਼ ਚੁਕਾਇਆ ਤੈਂ ।
ਸੰਗਤਾਂ ਆਵਾਜ਼ ਮਾਰੀ, ਮੋਰ ਚੜ੍ਹ ਆਇਆ ਸੈਂ ॥
*ਓ 'ਭਗਤ ਵੀ ਹੈ ਲਾਲ ਤੇਰਾ, ਓਹਨੂੰ ਕਿਓਂ ਭੁਲਾਇਆ ਏ ॥,,
ਆਓ ਬਾਬਾ/ਨਾਥ ਜੀ, ਤੁਹਾਡਾ ਆਸਣ,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/27167/title/aao-baba-ji

अपने Android मोबाइल पर BhajanGanga App डाउनलोड करें और भजनों का आनंद ले |